ISSN: 2584-0509

# ਲੇਖਕ-ਚੇਤਨਾ ਦਾ ਦਸਤਾਵੇਜ਼: 'ਮੈਂ ਕਿਉਂ ਲਿਖਦਾ ਹਾਂ'



ਰਵਿੰਦਰ ਸਿੰਘ ਸੋਢੀ
ਕੈਲਗਰੀ, ਕੈਨੇਡਾ।
ravindersodhi51@gmail.com

ਪੰਜਾਬੀ ਸਾਹਿਤ ਵਿਚ ਸੰਪਾਦਿਤ ਪੁਸਤਕਾਂ ਦੀ ਪਰੰਪਰਾ ਬਹੁਤ ਪੁਰਾਣੀ ਹੈ। ਕਵਿਤਾ, ਕਹਾਣੀ, ਲੇਖ, ਨਾਟਕ ਅਤੇ ਆਲੋਚਨਾ ਦੀਆਂ ਸੰਪਾਦਿਤ ਕਿਤਾਬਾਂ ਸਮੇਂ-ਸਮੇਂ ਪ੍ਰਕਾਸ਼ਿਤ ਹੁੰਦੀਆਂ ਰਹਿੰਦੀਆਂ ਹਨ। ਹਨ। ਪਰ ਕਿਸੇ ਇੱਕ ਪ੍ਰਸ਼ਨ ਨੂੰ ਕੇਂਦਰ ਵਿੱਚ ਰੱਖ ਕੇ ਵੱਖ-ਵੱਖ ਰਚਨਾਕਾਰਾਂ ਦੇ ਵਿਚਾਰ ਇਕੱਠੇ ਕਰਨ ਦੇ ਯਤਨ ਬਹੁਤ ਘੱਟ ਮਿਲਦੇ ਹਨ ਜਾਂ ਮਿਲਦੇ ਹੀ ਨਹੀਂ। ਇਸ ਦ੍ਰਿਸ਼ਟੀ ਤੋਂ ਸੁਖਿੰਦਰ ਵੱਲੋਂ ਸੰਪਾਦਿਤ ਪੁਸਤਕ "ਮੈਂ ਕਿਉਂ ਲਿਖਦਾ ਹਾਂ" ਇੱਕ ਵਿਲੱਖਣ ਸੰਪਾਦਕੀ ਉਪਰਾਲਾ ਹੈ। ਇਸ ਦਾ ਕੇਂਦਰੀ ਪ੍ਰਸ਼ਨ—"ਮੈਂ ਕਿਉਂ ਲਿਖਦਾ ਹਾਂ"—ਸਿਰਫ਼ ਇੱਕ ਨਿੱਜੀ ਸਵਾਲ ਨਹੀਂ, ਸਗੋਂ ਰਚਨਾ-ਪ੍ਰਕਿਰਿਆ, ਲੇਖਕ-ਚੇਤਨਾ, ਵਿਚਾਰਧਾਰਾ, ਸਮਾਜਿਕ ਜ਼ਿੰਮੇਵਾਰੀ ਅਤੇ ਸਾਹਿਤ ਦੇ ਉਦੇਸ਼ ਨਾਲ ਜੁੜਿਆ ਇੱਕ ਬੁਨਿਆਦੀ ਸਵਾਲ ਹੈ। ਇਸੇ ਕਾਰਨ ਇਹ ਪੁਸਤਕ ਸਿਰਫ਼ ਲੇਖਾਂ ਦਾ ਇਕੱਠ ਨਹੀਂ, ਬਲਕਿ ਪੰਜਾਬੀ ਦੇ ਸਮਕਾਲੀ ਸਾਹਿਤਕਾਰਾਂ ਦੀ ਸਿਰਜਣ-ਚੇਤਨਾ ਦਾ ਇੱਕ ਮਹੱਤਵਪੂਰਨ ਦਸਤਾਵੇਜ਼ ਵੀ ਬਣ ਜਾਂਦੀ ਹੈ।




ਸੰਪਾਦਕ: ਸੁਖਿੰਦਰ, ਮਿਸੀਸਾਗਾ, ਓਂਟਾਰੀਓ, ਕੈਨੇਡਾ
ਪ੍ਰਕਾਸ਼ਕ: ਸਪਤਰਿਸ਼ੀ ਪ੍ਰਕਾਸ਼ਨ, ਚੰਡੀਗੜ੍ਹ
ਪੰਨੇ: 432,
ਮੁੱਲ 200 ਰੁਪਏ

ਸੰਪਾਦਕ ਸੁਖਿੰਦਰ ਨੇ ਇਸ ਪੁਸਤਕ ਵਿਚ ਬਹੱਤਰ ਲੇਖਕਾਂ ਨੂੰ ਇਕੱਠਾ ਕੀਤਾ ਹੈ। ਇਨ੍ਹਾਂ ਵਿੱਚ ਭਾਰਤ ਦੇ ਨਾਲ-ਨਾਲ ਕੈਨੇਡਾ, ਅਮਰੀਕਾ, ਇੰਗਲੈਂਡ, ਜਰਮਨੀ, ਇਟਲੀ, ਗਰੀਸ ਅਤੇ ਆਸਟ੍ਰੇਲੀਆ ਵਿੱਚ ਵੱਸਦੇ ਪੰਜਾਬੀ ਲੇਖਕ ਵੀ ਸ਼ਾਮਲ ਹਨ। ਇਸ ਤਰ੍ਹਾਂ ਇਹ ਪੁਸਤਕ ਭੂਗੋਲਿਕ ਹੱਦਾਂ ਤੋਂ ਪਰੇ ਵਿਸ਼ਵ-ਪੰਜਾਬੀ ਸਾਹਿਤਕ ਸਿਰਜਣ-ਚੇਤਨਾ ਨੂੰ ਇੱਕ ਮੰਚ 'ਤੇ ਲਿਆਉਂਦੀ ਹੈ। ਇਹ ਸੰਪਾਦਕੀ ਮਿਹਨਤ ਆਪਣੇ ਆਪ ਵਿੱਚ ਸ਼ਲਾਘਾਯੋਗ ਹੈ।

ਪੁਸਤਕ ਦੀ ਭੂਮਿਕਾ ਪੜ੍ਹਦਿਆਂ ਸਪੱਸ਼ਟ ਹੁੰਦਾ ਹੈ ਕਿ ਇਸ ਪੁਸਤਕ ਦਾ ਜਨਮ ਕਿਸੇ ਪ੍ਰਕਾਸ਼ਕੀ ਯੋਜਨਾ ਨਾਲੋਂ ਵੱਧ ਇੱਕ ਬੌਧਿਕ ਜਿਗਿਆਸਾ ਵਿੱਚੋਂ ਹੋਇਆ ਹੈ। ਸੰਪਾਦਕ ਦੇ ਮਨ ਵਿੱਚ ਇਹ ਸਵਾਲ ਸੀ ਕਿ ਲੇਖਕ ਆਖ਼ਿਰ ਲਿਖਦਾ ਕਿਉਂ ਹੈ? ਕੀ ਉਹ ਆਪਣੇ ਲਈ ਲਿਖਦਾ ਹੈ, ਸਮਾਜ ਲਈ, ਵਿਚਾਰਧਾਰਾ ਲਈ, ਭਾਸ਼ਾ ਲਈ ਜਾਂ ਇਤਿਹਾਸ ਲਈ? ਇਹ ਪ੍ਰਸ਼ਨ ਜਿੰਨਾ ਸਧਾਰਨ ਲੱਗਦਾ ਹੈ, ਉਨਾ ਹੀ ਜਟਿਲ ਹੈ, ਕਿਉਂਕਿ ਹਰ ਰਚਨਾਕਾਰ ਦਾ ਜਵਾਬ ਉਸ ਦੇ ਜੀਵਨ-ਅਨੁਭਵ, ਸਾਹਿਤਕ ਵਿਚਾਰਧਾਰਾ, ਉਸ ਦੇ ਜੀਵਨ ਅਤੇ ਸਾਹਿਤ ਸਿਰਜਣਾ ਦੇ ਸੰਘਰਸ਼ ਨਾਲ ਵੀ ਸੰਬਧਤ ਹੁੰਦਾ ਹੈ। ਇਸ ਪੁਸਤਕ ਦਾ ਮੂਲ ਮੰਤਵ ਪਾਠਕ ਨੂੰ ਸਾਹਿਤਕ ਰਚਨਾ ਤੋਂ ਪਹਿਲਾਂ ਸਾਹਿਤਕਾਰ ਦੇ ਮਨ ਤੱਕ ਲੈ ਜਾਣਾ ਹੈ।

ਇਸ ਸਾਹਿਤਕ ਉਦੱਮ ਨੂੰ ਪੜ੍ਹਦਿਆਂ ਸਭ ਤੋਂ ਪਹਿਲਾਂ ਜੋ ਗੱਲ ਪ੍ਰਭਾਵਿਤ ਕਰਦੀ ਹੈ, ਉਹ ਹੈ ਵਿਚਾਰਾਂ ਦੀ ਵਿਭਿੰਨਤਾ। ਵੱਖ-ਵੱਖ ਲੇਖਕਾਂ ਨੇ ਸਾਹਿਤਕ ਸਿਰਜਣਾ ਦੇ ਕਾਰਜ ਨੂੰ ਕਿਸੇ ਨਿਸ਼ਚਿਤ ਪਰਿਭਾਸ਼ਾ ਦੇ ਘੇਰੇ ਵਿਚ ਸੀਮਤ ਕਰਨ ਦਾ ਯਤਨ ਨਹੀਂ ਕੀਤਾ। ਕੋਈ ਲੇਖਕ, ਲਿਖਣ ਨੂੰ ਅੰਦਰਲੀ ਬੇਚੈਨੀ ਤੋਂ ਮੁਕਤੀ ਦਾ ਸਾਧਨ ਮੰਨਦਾ ਹੈ, ਕੋਈ ਸਮਾਜਿਕ ਵਿਸਗੰਤੀਆਂ ਦੇ ਵਿਰੁੱਧ ਹਥਿਆਰ, ਕੋਈ ਮਨੁੱਖੀ ਕਰੁਣਾ ਦੀ ਅਭਿਵਿਅਕਤੀ, ਕੋਈ ਇਤਿਹਾਸ ਦੀ ਗਵਾਹੀ, ਕੋਈ ਲੇਖਣੀ ਦੇ ਪਿਛੋਕੜ ਵਿਚ ਕਿਸੇ ਅਦਿੱਖ ਸ਼ਕਤੀ ਦੀ ਹੋਂਦ ਅਤੇ ਕੋਈ ਸਿਰਫ਼ ਆਪਣੇ ਅੰਦਰਲੇ ਸੱਚ ਨੂੰ ਪ੍ਰਗਟ ਕਰਨ ਦਾ ਮਾਧਿਅਮ। ਇਸ ਤੋਂ ਇਲਾਵਾ ਹੋਰ ਕਾਰਨ ਵੀ ਦੱਸੇ ਗਏ ਹਨ। ਵਿਚਾਰਾਂ ਦੀ ਇਹ ਵਿਭਿੰਨਤਾ ਦੱਸਦੀ ਹੈ ਕਿ ਸਾਹਿਤ ਦਾ ਕੋਈ ਇੱਕ ਕੇਂਦਰ ਨਹੀਂ ਹੁੰਦਾ, ਹਰ ਸਾਹਿਤ ਸਿਰਜਕ ਆਪਣਾ ਕੇਂਦਰ ਆਪ ਸਿਰਜਦਾ ਹੈ। ਇਹ ਪੁਸਤਕ ਲਿਖਣ ਕਲਾ ਦੇ ਅਨੇਕਾਂ ਸਰੋਤਾਂ ਅਤੇ ਦਿਸ਼ਾਵਾਂ ਨੂੰ ਪਾਠਕਾਂ ਸਾਹਮਣੇ ਪੇਸ਼ ਕਰਦੀ ਹੈ।

ਸੰਪਾਦਕ ਦੀ ਭੂਮਿਕਾ ਇਸ ਸੰਕਲਨ ਦਾ ਇੱਕ ਮਹੱਤਵਪੂਰਨ ਅੰਗ ਹੈ। ਉਹ ਕੇਵਲ ਇਸ ਹਵਾਲਾ ਗ੍ਰੰਥ ਦਾ ਪਿਛੋਕੜ ਹੀ ਨਹੀਂ ਦਿੰਦਾ, ਸਗੋਂ ਸਮਕਾਲੀ ਪੰਜਾਬੀ ਸਾਹਿਤ, ਵਿਚਾਰਧਾਰਕ ਰੁਝਾਨਾਂ ਅਤੇ ਕੁਝ ਸਾਹਿਤਕ ਪ੍ਰਵਿਰਤੀਆਂ ਬਾਰੇ ਆਪਣੇ ਸਪੱਸ਼ਟ ਵਿਚਾਰ ਵੀ ਪ੍ਰਗਟ ਕਰਦਾ ਹੈ। ਇਹ ਬੇਬਾਕੀ ਭੂਮਿਕਾ ਨੂੰ ਰੋਚਕ ਬਣਾਉਂਦੀ ਹੈ, ਪਰ ਕੁਝ ਥਾਵਾਂ ’ਤੇ ਕਈ ਵਿਚਾਰ ਵਿਸ਼ੇ ਤੋਂ ਬਾਹਰ ਜਾਂਦੇ ਪ੍ਰਤੀਤ ਹੁੰਦੇ ਹਨ। ਸੁਖਿੰਦਰ ਨੇ ਇਕ ਬਹੁਤ ਹੀ ਕਠੋਰ ਸਚਾਈ ਵੀ ਲਿਖੀ ਹੈ: "ਜਦੋਂ ਤੱਕ ਤੁਸੀਂ ਇਸ ਗੱਲ ਬਾਰੇ ਹੀ ਸਪਸ਼ਟ ਨਹੀਂ ਕਿ ਤੁਸੀਂ ਕਿਉਂ ਲਿਖਣਾ ਚਾਹੁੰਦੇ ਹੋ, ਉਦੋਂ ਤੱਕ ਤੁਸੀਂ ਇਸ ਗੱਲ ਬਾਰੇ ਵੀ ਸਪਸ਼ਟ ਨਹੀਂ ਹੋ ਸਕਦੇ ਕਿ ਤੁਸੀਂ ਕੀ ਲਿਖਣਾ ਚਾਹੁੰਦੇ ਹੋ?"

ਇਸ ਸੰਗ੍ਰਹਿ ਦੀ ਇੱਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਕਿਸੇ ਇੱਕ ਪੀੜ੍ਹੀ, ਇੱਕ ਵਿਧਾ ਜਾਂ ਇਕ ਵਿਚਾਰਧਾਰਾ ਦੀ ਹੀ ਚਰਚਾ ਨਹੀਂ ਮਿਲਦੀ। ਪੰਜਾਬੀ ਅਦਬ ਦੇ ਕੁਝ ਸ਼ਾਹਸਵਾਰ, ਕੁਝ ਸਾਹਿਤਕ ਪਿੜ ਵਿਚ ਸਥਾਪਤੀ ਲਈ ਸਰਗਰਮ ਅਤੇ ਕੁਝ ਨਵੀਂ ਪੀੜ੍ਹੀ ਦੇ ਲੇਖਕ ਇਕੱਠੇ ਹੀ ਮੌਜੂਦ ਹਨ। ਪਾਠਕ ਇੱਕੋ ਥਾਂ ’ਤੇ ਵੱਖ-ਵੱਖ ਰਚਨਾਤਮਕ ਸੁਭਾਵਾਂ, ਵਿਚਾਰਧਾਰਕ ਝੁਕਾਵਾਂ ਅਤੇ ਜੀਵਨ-ਅਨੁਭਵਾਂ ਦੇ ਰੂ-ਬ-ਰੂ ਹੁੰਦਾ ਹੈ।

ਇਸ ਦੇ ਨਾਲ ਹੀ ਇਹ ਵੀ ਕਹਿਣਾ ਪਵੇਗਾ ਕਿ ਅਜਿਹੇ ਯਤਨ ਦੀ ਸਫ਼ਲਤਾ ਕੇਵਲ ਸੰਪਾਦਕੀ ਮਿਹਨਤ ’ਤੇ ਹੀ ਨਿਰਭਰ ਨਹੀਂ ਕਰਦੀ, ਇਹ ਇਸ ਗੱਲ ’ਤੇ ਵੀ

ਨਿਰਭਰ ਕਰਦੀ ਹੈ ਕਿ ਲੇਖਕ ਦਿੱਤੇ ਗਏ ਪ੍ਰਸ਼ਨ ਨੂੰ ਕਿੰਨੀ ਗੰਭੀਰਤਾ ਨਾਲ ਲੈਂਦੇ ਹਨ। ਇਹੀ ਉਹ ਬਿੰਦੂ ਹੈ ਜਿੱਥੋਂ ਇਸ ਪੁਸਤਕ ਦਾ ਆਲੋਚਨਾਤਮਕ ਮੁਲਾਂਕਣ ਸ਼ੁਰੂ ਹੁੰਦਾ ਹੈ। ਸਚਾਈ ਇਹ ਹੈ ਕਿ ਸਾਰੇ ਲੇਖ ਇੱਕੋ ਪੱਧਰ ਦੇ ਨਹੀਂ ਹਨ। ਕੁਝ ਲੇਖ ਸੱਚਮੁੱਚ ਰਚਨਾ-ਪ੍ਰਕਿਰਿਆ ਦੀਆਂ ਅੰਦਰੂਨੀ ਪਰਤਾਂ ਖੋਲ੍ਹਦੇ ਹਨ, ਜਦਕਿ ਕੁਝ ਲੇਖ ਇਸ ਮੌਕੇ ਨੂੰ ਆਤਮ-ਪਛਾਣ ਜਾਂ ਸੰਖੇਪ ਜੀਵਨ-ਬਿਰਤਾਂਤ ਤੱਕ ਹੀ ਸੀਮਤ ਕਰ ਦਿੰਦੇ ਹਨ (ਇਸ ਤੱਥ ਦਾ ਪ੍ਰਗਟਾਵਾ ਸੁਖਿੰਦਰ ਨੇ ਆਪ ਵੀ ਕੀਤਾ ਹੈ)। ਇਸ ਲਈ ਇਸ ਪੁਸਤਕ ਨੂੰ ਇੱਕੋ ਮਾਪਦੰਡ ਨਾਲ ਨਹੀਂ ਪੜ੍ਹਿਆ ਜਾ ਸਕਦਾ; ਅਜਿਹਾ ਵੱਖਰੇਵਾਂ ਹੀ ਇਸ ਪੁਸਤਕ ਦੀ ਤਾਕਤ ਵੀ ਹੈ, ਚੁਣੌਤੀ ਵੀ ਅਤੇ ਕਿਤੇ-ਕਿਤੇ ਅਕੇਵਾਂ ਪੈਦਾ ਕਰਨ ਵਾਲੀ ਵੀ।

ਇਸ ਤੋਂ ਪਹਿਲਾਂ ਕਿ ਮੈਂ ਇਸ ਪੁਸਤਕ ਦੇ ਕੁਝ ਲੇਖਾਂ 'ਤੇ ਚਰਚਾ ਕਰਾਂ, ਪਹਿਲਾਂ ਪ੍ਰਸਤੁਤ ਵਿਸ਼ੇ ਉੱਤੇ ਵਿਸ਼ਵ-ਪੱਧਰ ਤੇ ਹੋਏ ਕਾਰਜਾਂ ਸੰਬੰਧੀ ਵੀ ਸੰਖੇਪ ਵਿਚ ਲਿਖਣਾ ਚਾਹੁੰਦਾ ਹਾਂ। ਪ੍ਰੋ.ਜਸਪਾਲ ਸਿੰਘ ਨੇ ਆਪਣੇ ਲੇਖ (ਪੰਨਾ 185) 'ਤੇ ਇਹ ਦਰਜ਼ ਕੀਤਾ ਹੈ 1946 ਵਿਚ ਇੰਗਲੈਂਡ ਤੋਂ ਪ੍ਰਕਾਸ਼ਿਤ 'ਗਾਂਗਰੇਲ' ਮੈਗਜ਼ੀਨ ਵਿਚ ਇਸ ਵਿਸ਼ੇ ਤੇ ਕਈ ਲੇਖ ਛਪੇ ਸਨ। ਇਹਨਾਂ ਵਿਚੋਂ ਜਾਰਜ ਓਰਵੈੱਲ ਦਾ ਲੇਖ ਸਭ ਤੋਂ ਵੱਧ ਚਰਚਿਤ ਹੋਇਆ। ਇਸ ਵਿਸ਼ੇ 'ਤੇ ਹੋਰ ਘੋਖਣ ਤੋਂ ਬਾਅਦ ਮੈਨੂੰ ਇਹ ਜਾਣਕਾਰੀ ਪ੍ਰਾਪਤ ਹੋਈ ਕਿ ਗਾਂਗਰੇਲ ਮੈਗਜ਼ੀਨ ਵਿਚ ਸਿਰਫ ਚਾਰ ਲੇਖ ਸ਼ਾਮਲ ਸੀ। ਉਸ ਤੋਂ ਬਾਅਦ 1998 ਵਿਚ ਵਿਲ ਬਲਾਇਥ ਨੇ ਇਕ ਪੁਸਤਕ 'ਵਾਏ ਆਈ ਰਾਈਟ: ਥੌਟਸ ਆਨ ਦ ਕਰਾਫਟ ਆਫ ਫਿਕਸ਼ਨ' ਦੀ ਸੰਪਾਦਨਾ ਕੀਤੀ, ਜਿਸ ਵਿਚ 26 ਅਮਰੀਕੀ ਗਲਪਕਾਰਾਂ ਦੇ ਲੇਖ ਸ਼ਾਮਿਲ ਸਨ। ਹਿੰਦੀ ਭਾਸ਼ਾ ਵਿਚ ਵੀ ਇਸ ਵਿਸ਼ੇ 'ਤੇ ਇਕ- ਦੋ ਕਿਤਾਬਾਂ ਦਾ ਹਵਾਲਾ ਮਿਲਦਾ ਹੈ। ਇਸ ਤੋਂ ਇਲਾਵਾ ਮਰਾਠੀ, ਬੰਗਾਲੀ ਅਤੇ ਉਰਦੂ ਵਿਚ ਵੀ ਕੁਝ ਲੇਖਕਾਂ ਨੇ ਇਸ ਵਿਸ਼ੇ 'ਤੇ ਆਪਣੇ ਵਿਚਾਰ ਪ੍ਰਗਟਾਏ ਹਨ, ਪਰ ਇਸ ਗੱਲ ਦਾ ਸਿਹਰਾ ਪ੍ਰਸੁਤਤ ਪੁਸਤਕ ਦੇ ਸੰਪਾਦਕ ਸੁਖਿੰਦਰ ਨੂੰ ਹੀ ਜਾਂਦਾ ਹੈ ਕਿ ਉਸ ਨੇ ਇਸ ਵੱਡ ਅਕਾਰੀ ਪੁਸਤਕ ਵਿਚ 72 ਪੰਜਾਬੀ ਲੇਖਕਾਂ ਨੂੰ ਇਕ ਹੀ ਮੰਚ 'ਤੇ ਇਕੱਠਾ ਕੀਤਾ ਹੈ।

ਉਜਾਗਰ ਸਿੰਘ ਦੇ ਲੇਖ ਵਿੱਚ ਲਿਖਣਾ ਨਿੱਜੀ ਰੁਚੀ ਤੋਂ ਅੱਗੇ ਵਧ ਕੇ ਇੱਕ ਉਦੇਸ਼ਪੂਰਨ ਕਾਰਜ ਦਾ ਰੂਪ ਧਾਰ ਲੈਂਦਾ ਹੈ। ਉਨ੍ਹਾਂ ਦੀ ਰਚਨਾਤਮਕ ਯਾਤਰਾ ਵਿੱਚ ਅਤੀਤ ਦੇ ਅਨੁਭਵਾਂ, ਸਮਾਜਿਕ ਘਟਨਾਵਾਂ ਅਤੇ ਜੀਵਨ ਵਿੱਚੋਂ ਸਿੱਖਣ ਦੀ ਪ੍ਰਵਿਰਤੀ ਨੂੰ

ਮਹੱਤਵ ਮਿਲਦਾ ਹੈ। ਉਹ ਲਿਖਣ ਨੂੰ ਸਿਰਫ਼ ਆਪਣੀ ਗੱਲ ਕਹਿਣ ਦਾ ਸਾਧਨ ਨਹੀਂ ਮੰਨਦੇ, ਸਗੋਂ ਅਨੁਭਵਾਂ ਵਿੱਚੋਂ ਨਵੇਂ ਰਾਹ ਲੱਭਣ ਦੀ ਕੋਸ਼ਿਸ਼ ਵਜੋਂ ਦੇਖਦੇ ਹਨ।

ਅਤਰਜੀਤ ਦੇ ਲੇਖ ਵਿੱਚ ਸਿਰਜਣ-ਪ੍ਰਕਿਰਿਆ ਦਾ ਸੰਬੰਧ ਜੀਵਨ ਦੀਆਂ ਗੁੰਝਲਾਂ ਅਤੇ ਮਨੁੱਖ ਦੇ ਅੰਦਰਲੇ ਸੰਸਾਰ ਨਾਲ ਜੁੜਦਾ ਹੈ। ਉਨ੍ਹਾਂ ਲਈ ਲਿਖਣਾ ਕਿਸੇ ਬਾਹਰੀ ਆਦੇਸ਼ ਦਾ ਨਤੀਜਾ ਨਹੀਂ, ਸਗੋਂ ਅੰਦਰੋਂ ਉੱਠਣ ਵਾਲੀ ਅਜਿਹੀ ਲੋੜ ਹੈ ਜਿਸ ਨੂੰ ਅਣਡਿੱਠਾ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਦੀ ਰਚਨਾਤਮਕ ਚੇਤਨਾ ਇਹ ਸੰਕੇਤ ਦਿੰਦੀ ਹੈ ਕਿ ਸਾਹਿਤਕਾਰ ਆਪਣੇ ਸਮੇਂ ਅਤੇ ਸਮਾਜ ਤੋਂ ਵੱਖ ਹੋ ਕੇ ਨਹੀਂ ਲਿਖਦਾ, ਉਸ ਦੇ ਨਿੱਜੀ ਅਨੁਭਵ ਵੀ ਸਮਾਜਿਕ ਅਰਥ ਗ੍ਰਹਿਣ ਕਰ ਲੈਂਦੇ ਹਨ। ਉਹਨਾਂ ਲਈ 'ਦਲਿਤ ਜਾਤਾਂ ਹੀ ਦਲਿਤ ਸਮਾਜ ਨਹੀਂ, ਹਰ ਲੁੱਟਿਆ ਜਾ ਰਿਹਾ ਬਸ਼ਰ ਹੀ ਦਲਿਤ ਹੈ।'

ਅਰਤਿੰਦਰ ਸੰਧੂ ਦੀ ਰਚਨਾ ਵਿਚ ਲਿਖਣ ਦਾ ਸਰੋਤ ਸੰਵੇਦਨਾ ਅਤੇ ਜੀਵਨ ਦੀਆਂ ਅੰਦਰੂਨੀ ਉਥਲ-ਪੁਥਲਾਂ ਹਨ। ਉਨ੍ਹਾਂ ਦੇ ਅਨੁਭਵ ਵਿਚ ਸ਼ਬਦ ਕੇਵਲ ਵਿਚਾਰ ਪ੍ਰਗਟ ਕਰਨ ਦਾ ਮਾਧਿਅਮ ਨਹੀਂ ਰਹਿੰਦੇ, ਸਗੋਂ ਉਹ ਮਨੁੱਖ ਨੂੰ ਉਸ ਦੇ ਆਪਣੇ ਅੰਦਰ ਨਾਲ ਮਿਲਾਉਂਦੇ ਹਨ। ਇਸ ਦ੍ਰਿਸ਼ਟੀ ਤੋਂ ਉਨ੍ਹਾਂ ਦਾ ਲੇਖ ਲਿਖਣ ਦੇ ਮਨੋਵਿਗਿਆਨਕ ਪੱਖ ਨੂੰ ਉਭਾਰਦਾ ਹੈ।

ਸੁਖਿੰਦਰ ਦੇ ਲੇਖ ਵਿਚ ਲਿਖਣ ਨੂੰ ਇੱਕ ਲੰਬੀ ਰਚਨਾਤਮਕ ਯਾਤਰਾ ਦੇ ਰੂਪ ਵਿਚ ਦੇਖਿਆ ਗਿਆ ਹੈ। ਪੜ੍ਹਨ, ਜੀਵਨ-ਅਨੁਭਵ ਅਤੇ ਸਾਹਿਤਕ ਸੰਪਰਕ ਨੇ ਉਨ੍ਹਾਂ ਦੀ ਲਿਖਤ ਨੂੰ ਕਿਵੇਂ ਰੂਪ ਦਿੱਤਾ, ਇਹ ਉਨ੍ਹਾਂ ਦੀ ਸਿਰਜਣ-ਪ੍ਰਕਿਰਿਆ ਦਾ ਮਹੱਤਵਪੂਰਨ ਹਿੱਸਾ ਹੈ। ਇਸ ਪੁਸਤਕ ਦੇ ਸੰਪਾਦਕ ਹੋਣ ਦੇ ਨਾਤੇ ਵੀ ਉਨ੍ਹਾਂ ਦੀ ਦ੍ਰਿਸ਼ਟੀ ਮਹੱਤਵ ਰੱਖਦੀ ਹੈ, ਕਿਉਂਕਿ ਉਨ੍ਹਾਂ ਨੇ ਵੱਖ-ਵੱਖ ਪੀੜ੍ਹੀਆਂ ਅਤੇ ਭਿੰਨ-ਭਿੰਨ ਰਚਨਾਤਮਕ ਰੁਝਾਨਾਂ ਵਾਲੇ ਲੇਖਕਾਂ ਨੂੰ ਇਕੋ ਵਿਸ਼ੇ ਦੇ ਅਧੀਨ ਇਕੱਠਾ ਕੀਤਾ ਹੈ। ਇਸ ਤਰ੍ਹਾਂ ਉਨ੍ਹਾਂ ਦਾ ਆਪਣਾ ਲੇਖ ਅਤੇ ਸੰਪਾਦਕੀ ਯਤਨ ਮਿਲ ਕੇ ਇਹ ਸਾਬਤ ਕਰਦੇ ਹਨ ਕਿ ਲਿਖਣਾ ਕੇਵਲ ਇਕੱਲੇ ਵਿਅਕਤੀ ਦੀ ਕਿਰਿਆ ਨਹੀਂ, ਸਗੋਂ ਇੱਕ ਸਾਹਿਤਕ ਪਰੰਪਰਾ ਅਤੇ ਸਾਂਝੀ ਸੱਭਿਆਚਾਰਕ ਚੇਤਨਾ ਨਾਲ ਜੁੜਿਆ ਕਾਰਜ ਵੀ ਹੈ। ਉਹ ਸਿਰਫ ਸੁਹਜ ਲਈ ਹੀ ਨਹੀਂ ਲਿਖਦਾ ਬਲਕਿ ਹਰ ਤਰਾਂ ਦੀਆਂ ਜਿਆਦਤੀਆਂ ਵਿਰੁਧ ਲਿਖਣ ਵੱਲ ਪ੍ਰੇਰਿਤ ਹੁੰਦਾ ਹੈ।

ਸੁਖਪਾਲ ਸੰਘੇੜਾ ਦੇ ਲੇਖ ਵਿਚ ਲਿਖਣ ਦੀ ਪ੍ਰੇਰਣਾ ਦਾ ਸਰੋਤ ਸਮਾਜਿਕ ਅਤੇ ਰਾਜਨੀਤਕ ਚੇਤਨਾ ਹੈ। ਉਨ੍ਹਾਂ ਦੀ ਸ਼ੁਰੂਆਤੀ ਰਚਨਾ ਉੱਤੇ ਪੰਜਾਬ ਦੇ ਸਮਾਜਿਕ-ਰਾਜਨੀਤਕ ਮਾਹੌਲ ਦਾ ਪ੍ਰਭਾਵ ਦਿਖਾਈ ਦਿੰਦਾ ਹੈ ਅਤੇ ਉਨ੍ਹਾਂ ਦੀ ਕਵਿਤਾ ਹੌਲੀ-ਹੌਲੀ ਨਿੱਜੀ ਭਾਵੁਕਤਾ ਤੋਂ ਅੱਗੇ ਵਧ ਕੇ ਸਮਾਜਿਕ ਸਮੱਸਿਆਵਾਂ ਅਤੇ ਆਦਰਸ਼ ਮਨੁੱਖ ਦੀ ਸਿਰਜਣਾ ਨਾਲ ਜੁੜਦੀ ਹੈ। ਉਨ੍ਹਾਂ ਲਈ ਸਾਹਿਤ ਕੇਵਲ ਸੁੰਦਰਤਾ ਦਾ ਖੇਤਰ ਨਹੀਂ, ਸਗੋਂ ਲੋਕ-ਜਾਗਰੂਕਤਾ ਅਤੇ ਸਮਾਜਿਕ ਜ਼ਿੰਮੇਵਾਰੀ ਦਾ ਮਾਧਿਅਮ ਵੀ ਹੈ। ਉਹ ਲਿਖਣ ਨੂੰ ਇੱਕ ਕਿਸਮ ਦੀ ਮਿਸ਼ਨਰੀ ਜ਼ਿੰਮੇਵਾਰੀ ਮੰਨਦੇ ਹਨ।

ਇਸੇ ਵਿਚਾਰਧਾਰਕ ਦਿਸ਼ਾ ਨੂੰ ਪਰਗਟ ਸਿੰਘ ਸਤੌਜ ਦੇ ਲੇਖ ਵਿਚ ਹੋਰ ਸਪੱਸ਼ਟ ਰੂਪ ਮਿਲਦਾ ਹੈ। ਉਨ੍ਹਾਂ ਦੇ ਲਿਖਣ ਦੇ ਪਿੱਛੇ ਸਮਾਜਵਾਦੀ ਸੁਪਨੇ ਅਤੇ ਮਨੁੱਖੀ ਬਰਾਬਰੀ ਦੀ ਇੱਛਾ ਮੌਜੂਦ ਹੈ। ਉਨ੍ਹਾਂ ਦੀ ਬੇਚੈਨੀ ਇਸ ਗੱਲ ਤੋਂ ਪੈਦਾ ਹੁੰਦੀ ਹੈ ਕਿ ਉੱਚੇ ਵਿਚਾਰ ਕਈ ਵਾਰ ਵਿਵਹਾਰਕ ਜੀਵਨ ਵਿੱਚ ਆਪਣੀ ਅਸਲ ਸ਼ਕਤੀ ਗੁਆ ਬੈਠਦੇ ਹਨ। ਇਸ ਲਈ ਉਨ੍ਹਾਂ ਦਾ ਲਿਖਣਾ ਕੇਵਲ ਵਿਚਾਰਾਂ ਦਾ ਪ੍ਰਚਾਰ ਨਹੀਂ, ਸਗੋਂ ਵਿਚਾਰ ਅਤੇ ਜੀਵਨ ਵਿਚਕਾਰ ਪੈਦਾ ਹੋਏ ਅੰਤਰ ਨੂੰ ਪਛਾਣਨ ਦੀ ਕੋਸ਼ਿਸ਼ ਵੀ ਹੈ।

ਨਿਰੰਜਣ ਬੋਹਾ ਦੀ ਰਚਨਾਤਮਕ ਦ੍ਰਿਸ਼ਟੀ ਵਿਚ ਸਮਾਜਿਕ ਯਥਾਰਥ ਅਤੇ ਮਨੁੱਖੀ ਮੁੱਲਾਂ ਦੀ ਚਿੰਤਾ ਪ੍ਰਮੁੱਖ ਹੈ। ਉਹ ਲਿਖਣ ਨੂੰ ਆਪਣੇ ਸਮੇਂ ਦੀਆਂ ਵਿਸੰਗਤੀਆਂ ਪ੍ਰਤੀ ਸੰਵੇਦਨਸ਼ੀਲ ਪ੍ਰਤੀਕਿਰਿਆ ਵਜੋਂ ਦੇਖਦੇ ਹਨ। ਉਨ੍ਹਾਂ ਦੇ ਲੇਖ ਵਿਚ ਇਹ ਚੇਤਨਾ ਉਭਰਦੀ ਹੈ ਕਿ ਪਦਾਰਥਵਾਦੀ ਦੌੜ ਨੇ ਮਨੁੱਖੀ ਰਿਸ਼ਤਿਆਂ, ਸੱਭਿਆਚਾਰਕ ਅਤੇ ਨੈਤਿਕ ਮੁੱਲਾਂ ਨੂੰ ਪ੍ਰਭਾਵਿਤ ਕੀਤਾ ਹੈ। ਇਸ ਸਥਿਤੀ ਵਿੱਚ ਸਾਹਿਤਕਾਰ ਦੀ ਭੂਮਿਕਾ ਕੇਵਲ ਦਰਸ਼ਕ ਦੀ ਨਹੀਂ ਰਹਿ ਸਕਦੀ। ਉਸ ਨੂੰ ਮਨੁੱਖੀ ਸੰਵੇਦਨਾ ਅਤੇ ਸਮਾਜਿਕ ਜ਼ਿੰਮੇਵਾਰੀ ਦੇ ਪੱਖ ਵਿੱਚ ਆਪਣੀ ਆਵਾਜ਼ ਉਠਾਉਣੀ ਪੈਂਦੀ ਹੈ। ਉਸਦਾ ਵਿਚਾਰ ਹੈ ਕਿ ਉਹਨਾਂ ਦੀ ਲੇਖਣੀ ਪਿੱਛੇ ਕਿਸੇ ਅਲੌਕਿਕ ਸ਼ਕਤੀ ਦੀ ਹੱਥ ਨਹੀਂ ਹੁੰਦਾ।

ਧਰਮਪਾਲ ਸਾਹਿਲ ਦੇ ਲੇਖ ਵਿਚ ਲਿਖਣ ਦੀ ਪ੍ਰੇਰਣਾ ਮਨੁੱਖੀ ਪੀੜ ਅਤੇ ਸਮਾਜਿਕ ਬੇਇਨਸਾਫ਼ੀ ਦੇ ਅਨੁਭਵ ਨਾਲ ਜੁੜਦੀ ਹੈ। ਉਹ ਸਾਹਿਤਕਾਰ ਨੂੰ ਸਮਾਜ ਦੇ ਪ੍ਰਤੀ ਜਵਾਬਦੇਹ ਮੰਨਦੇ ਹਨ। ਉਨ੍ਹਾਂ ਦੀ ਦ੍ਰਿਸ਼ਟੀ ਵਿਚ ਲੇਖਕ ਭਾਵੇਂ ਸਾਰੀ ਅੱਗ ਨਾ ਬੁਝਾ ਸਕੇ, ਪਰ ਉਸ ਨੂੰ ਆਪਣੇ ਹਿੱਸੇ ਦਾ ਪਾਣੀ ਅੱਗ ਉੱਤੇ ਜ਼ਰੂਰ ਛਿੜਕਣਾ ਚਾਹੀਦਾ ਹੈ।

ਸਤਪਾਲ ਭੀਖੀ ਦੀ ਰਚਨਾਤਮਕ ਸੋਚ ਵਿੱਚ ਲੋਕ-ਜੀਵਨ, ਲੋਕ-ਭਾਸ਼ਾ ਅਤੇ ਮਨੁੱਖੀ ਰਿਸ਼ਤਿਆਂ ਦੀ ਮਹੱਤਤਾ ਦਿਖਾਈ ਦਿੰਦੀ ਹੈ। ਉਨ੍ਹਾਂ ਦੇ ਲੇਖ ਵਿਚ ਸਿਰਜਣ ਦੀ ਪ੍ਰਕਿਰਿਆ ਨੂੰ ਹੱਸਣ ਅਤੇ ਰੋਣ, ਖੁਸ਼ੀ ਅਤੇ ਪੀੜ, ਯਾਦ ਅਤੇ ਅਨੁਭਵ ਨਾਲ ਜੋੜਿਆ ਗਿਆ ਹੈ। ਉਨ੍ਹਾਂ ਦੀ ਰਚਨਾ-ਦ੍ਰਿਸ਼ਟੀ ਇਹ ਸਪੱਸ਼ਟ ਕਰਦੀ ਹੈ ਕਿ ਸਾਹਿਤ ਦੀਆਂ ਜੜ੍ਹਾਂ ਜੀਵਨ ਦੀ ਮਿੱਟੀ ਵਿਚ ਹੁੰਦੀਆਂ ਹਨ ਅਤੇ ਲੋਕ-ਅਨੁਭਵ ਸਿਰਜਣ ਨੂੰ ਸਦੀਵਤਾ ਪ੍ਰਦਾਨ ਕਰਦਾ ਹੈ।

ਸੁਹਿੰਦਰ ਬੀਰ ਅਤੇ ਸੁਰਜੀਤ ਸਿੰਘ ਫਲੋਰਾ ਦੇ ਲੇਖਾਂ ਵਿਚ ਪਰਵਾਸੀ ਜੀਵਨ ਦੇ ਅਨੁਭਵਾਂ ਅਤੇ ਪੰਜਾਬੀ ਪਛਾਣ ਦੀ ਚਿੰਤਾ 'ਤੇ ਵੀ ਚਰਚਾ ਕੀਤੀ ਗਈ ਹੈ। ਪਰਵਾਸ ਵਿਚ ਰਹਿੰਦੇ ਲੇਖਕ ਲਈ ਲਿਖਣਾ ਕੇਵਲ ਯਾਦਾਂ ਨੂੰ ਸੰਭਾਲਣਾ ਨਹੀਂ, ਸਗੋਂ ਆਪਣੇ ਸੱਭਿਆਚਾਰਕ ਅਸਤਿਤਵ ਨੂੰ ਬਚਾਈ ਰੱਖਣ ਦਾ ਯਤਨ ਵੀ ਹੈ।

ਜੀ. ਐਸ. ਨਕਸ਼ਦੀਪ ਪੰਜਕੋਹਾ ਦੇ ਲੇਖ ਵਿਚ ਭਾਸ਼ਾ ਅਤੇ ਸਾਹਿਤ ਪ੍ਰਤੀ ਸਰੋਕਾਰ ਇੱਕ ਵਿਸ਼ੇਸ਼ ਰੂਪ ਵਿਚ ਸਾਹਮਣੇ ਆਉਂਦਾ ਹੈ। ਉਨ੍ਹਾਂ ਦੀ ਰਚਨਾਤਮਕ ਯਾਤਰਾ ਵਿਚ ਪੰਜਾਬੀ ਭਾਸ਼ਾ ਦੇ ਸ਼ਬਦ-ਜੋੜਾਂ ਅਤੇ ਸ਼ੁੱਧਤਾ ਬਾਰੇ ਕੰਮ ਕਰਨ ਦੀ ਪ੍ਰੇਰਣਾ ਵੀ ਮਿਲਦੀ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਲਈ ਲਿਖਣਾ ਕੇਵਲ ਕਲਪਨਾ ਜਾਂ ਭਾਵਨਾ ਦਾ ਪ੍ਰਗਟਾਵਾ ਨਹੀਂ, ਸਗੋਂ ਭਾਸ਼ਾ ਦੀ ਸੰਭਾਲ ਅਤੇ ਵਿਕਾਸ ਨਾਲ ਜੁੜੀ ਸੱਭਿਆਚਾਰਕ ਜ਼ਿੰਮੇਵਾਰੀ ਵੀ ਹੈ।

ਤ੍ਰੈਲੋਚਨ ਲੋਚੀ ਦੇ ਲੇਖ ਵਿਚ ਸ਼ਬਦ ਦੀ ਪਵਿੱਤਰਤਾ ਅਤੇ ਰਚਨਾ ਦੀ ਅੰਦਰੂਨੀ ਲੋੜ ਉਭਰ ਕੇ ਸਾਹਮਣੇ ਆਉਂਦੀ ਹੈ। ਉਨ੍ਹਾਂ ਲਈ ਸ਼ਬਦ ਕੋਈ ਸਧਾਰਨ ਸਾਧਨ ਨਹੀਂ, ਸਗੋਂ ਬਹੁਤ ਕੀਮਤੀ ਅਤੇ ਪਵਿੱਤਰ ਅਨੁਭਵ ਹੈ। ਉਨ੍ਹਾਂ ਦੀ ਰਚਨਾਤਮਕ ਦ੍ਰਿਸ਼ਟੀ ਵਿਚ ਲਿਖਣਾ ਇੱਕ ਅਜਿਹੀ ਪ੍ਰਕਿਰਿਆ ਹੈ ਜਿਸ ਵਿਚ ਮਨੁੱਖ ਆਪਣੇ ਅੰਦਰਲੇ ਸੰਸਾਰ ਨੂੰ ਸ਼ਬਦਾਂ ਰਾਹੀਂ ਅਰਥ ਦਿੰਦਾ ਹੈ।

ਤੇਜਿੰਦਰ ਚੰਡਿਹੋਕ ਦੇ ਲੇਖ ਵਿੱਚ ਲਿਖਣਾ ਹੌਲੀ-ਹੌਲੀ ਇੱਕ ਆਦਤ, ਮਜਬੂਰੀ ਅਤੇ ਇਬਾਦਤ ਦਾ ਰੂਪ ਧਾਰ ਲੈਂਦਾ ਹੈ। ਉਹ ਲਿਖਣ ਨੂੰ ਪਹਿਲਾਂ ਮਨ ਦੀ ਸੰਤੁਸ਼ਟੀ ਨਾਲ ਜੋੜਦੇ ਹਨ, ਪਰ ਸਮੇਂ ਦੇ ਨਾਲ ਇਹ ਉਨ੍ਹਾਂ ਦੇ ਜੀਵਨ ਦਾ ਅਟੁੱਟ ਹਿੱਸਾ ਬਣ ਜਾਂਦਾ ਹੈ।

ਇਹ ਵਿਚਾਰ ਕਈ ਹੋਰ ਲੇਖਕਾਂ ਨਾਲ ਵੀ ਸਾਂਝਾ ਹੈ। ਲਿਖਣਾ ਇੱਥੇ ਕਿਸੇ ਬਾਹਰੀ ਇਨਾਮ ਜਾਂ ਪ੍ਰਸਿੱਧੀ ਦੀ ਉਮੀਦ ਤੋਂ ਨਹੀਂ, ਸਗੋਂ ਅੰਦਰਲੀ ਲੋੜ ਤੋਂ ਜਨਮ ਲੈਂਦਾ ਹੈ।

ਦਰਸ਼ਨ ਸਿੰਘ ਆਸ਼ਟ ਦੇ ਲੇਖ ਵਿਚ ਲਿਖਣ ਦੀ ਪ੍ਰੇਰਣਾ ਜੀਵਨ-ਅਨੁਭਵਾਂ, ਪੜ੍ਹਨ ਦੀ ਆਦਤ ਅਤੇ ਸਾਹਿਤਕ ਸੰਵੇਦਨਾ ਦੇ ਵਿਕਾਸ ਨਾਲ ਜੁੜਦੀ ਹੈ। ਉਨ੍ਹਾਂ ਦੀ ਰਚਨਾਤਮਕ ਯਾਤਰਾ ਦਿਖਾਉਂਦੀ ਹੈ ਕਿ ਲੇਖਕ ਅਚਾਨਕ ਨਹੀਂ ਬਣਦਾ; ਉਸ ਦੇ ਪਿੱਛੇ ਲੰਬਾ ਪਾਠਕੀ ਅਨੁਭਵ, ਜੀਵਨ ਦੇ ਵੱਖ-ਵੱਖ ਪੜਾਅ ਅਤੇ ਲਗਾਤਾਰ ਸਿਰਜਣਾਤਮਕ ਅਭਿਆਸ ਹੁੰਦਾ ਹੈ।

ਪਵਨ ਕੁਮਾਰ ਦੇ ਲੇਖ ਵਿਚ ਲਿਖਣਾ ਆਪਣੇ ਅੰਦਰਲੇ ਭਾਵਾਂ ਅਤੇ ਤਜ਼ਰਬਿਆਂ ਨੂੰ ਪ੍ਰਗਟ ਕਰਨ ਦਾ ਸਾਧਨ ਬਣਦਾ ਹੈ। ਉਹ ਇਸ ਨੂੰ ਕੇਵਲ ਸ਼ੌਕ ਨਹੀਂ, ਸਗੋਂ ਇੱਕ ਮਿਸ਼ਨ ਮੰਨਦੇ ਹਨ। ਉਨ੍ਹਾਂ ਲਈ ਲਿਖਣਾ ਅਣਕਹੇ ਜਜ਼ਬਾਤਾਂ ਨੂੰ ਬਾਹਰ ਲਿਆਉਣ ਅਤੇ ਅੰਦਰਲੇ ਦਵੰਦ ਨੂੰ ਸ਼ਬਦ ਦੇਣ ਦੀ ਪ੍ਰਕਿਰਿਆ ਹੈ।

ਪਿਆਰਾ ਸਿੰਘ ਕੁਦੋਵਾਲ ਅਨੁਸਾਰ ਸ਼ਬਦ, ਜੀਵਨ ਦੀ ਜੱਦੋ ਜਹਿਦ ਵਿਚ ਸਹਾਰਾ ਅਤੇ ਢਾਲ ਬਣ ਕੇ ਸਾਹਮਣੇ ਆਉਂਦੇ ਹਨ। ਉਨ੍ਹਾਂ ਦੀ ਰਚਨਾਤਮਕ ਅਨੁਭੂਤੀ ਵਿਚ ਸ਼ਬਦ ਮਨੁੱਖ ਨੂੰ ਦੁੱਖ, ਅੰਦਰਲੇ ਸ਼ੋਰ ਅਤੇ ਸਮੇਂ ਦੀ ਤ੍ਰਾਸਦੀ ਦਾ ਸਾਹਮਣਾ ਕਰਨ ਦਾ ਹੌਸਲਾ ਦਿੰਦੇ ਹਨ। ਇਸ ਤਰ੍ਹਾਂ ਉਨ੍ਹਾਂ ਲਈ ਲਿਖਣਾ ਸਿਰਫ਼ ਵਿਚਾਰਾਂ ਦੀ ਅਭਿਵਿਅਕਤੀ ਨਹੀਂ, ਸਗੋਂ ਜੀਵਨ ਨਾਲ ਸੰਘਰਸ਼ ਕਰਨ ਦੀ ਸ਼ਕਤੀ ਵੀ ਹੈ।

ਮਲਵਿੰਦਰ ਅਤੇ ਮਲਵਿੰਦਰ ਸ਼ਾਇਰ ਦੇ ਲੇਖਾਂ ਵਿਚ ਨਿੱਜੀ ਅਨੁਭਵ, ਭਾਵੁਕਤਾ ਅਤੇ ਸ਼ਾਇਰਾਨਾ ਸੁਭਾਅ ਦੇ ਵੱਖਰੇ ਪੱਖਾਂ ਦੀ ਗੱਲ ਕੀਤੀ ਹੈ। ਇਨ੍ਹਾਂ ਲੇਖਾਂ ਵਿੱਚ ਲਿਖਣ ਦੀ ਸ਼ੁਰੂਆਤ ਜੀਵਨ ਦੇ ਅਨੁਭਵਾਂ, ਸੰਵੇਦਨਸ਼ੀਲ ਮਨ ਅਤੇ ਆਪਣੇ ਆਪ ਨੂੰ ਪ੍ਰਗਟ ਕਰਨ ਦੀ ਲੋੜ ਨਾਲ ਜੁੜਦੀ ਹੈ। ਮਲਵਿੰਦਰ ਸ਼ਾਇਰ ਦੇ ਅਨੁਭਵ ਵਿਚ ਦੁੱਖ, ਦਰਦ, ਗ਼ਮ ਅਤੇ ਵਿਛੋੜੇ ਵਰਗੀਆਂ ਭਾਵਨਾਵਾਂ ਸ਼ਾਇਰੀ ਵੱਲ ਲੈ ਜਾਂਦੀਆਂ ਹਨ। ਇਸ ਤੋਂ ਇਹ ਗੱਲ ਉਭਰਦੀ ਹੈ ਕਿ ਕਈ ਵਾਰ ਰਚਨਾ ਜੀਵਨ ਦੀ ਪੀੜ ਨੂੰ ਕੇਵਲ ਬਿਆਨ ਨਹੀਂ ਕਰਦੀ, ਸਗੋਂ ਉਸ ਨੂੰ ਕਲਾਤਮਕ ਰੂਪ ਦੇ ਕੇ ਇੱਕ ਨਵਾਂ ਅਰਥ ਵੀ ਦਿੰਦੀ ਹੈ।

ਮੋਹਨ ਬੇਗੋਵਾਲ ਦੇ ਵਿਚਾਰ ਵਿਚ ਲਿਖਣ ਦੀ ਪ੍ਰਕਿਰਿਆ ਮਨੁੱਖੀ ਰਿਸ਼ਤਿਆਂ, ਲੋਕ-ਅਨੁਭਵ ਅਤੇ ਸਮਾਜਿਕ ਚੇਤਨਾ ਨਾਲ ਜੁੜਦੀ ਹੈ। ਉਨ੍ਹਾਂ ਦੀ ਰਚਨਾ ਵਿਚ ਨੈਤਿਕਤਾ ਅਤੇ ਮਨੁੱਖੀ ਮਰਿਆਦਾ ਦੀ ਚਿੰਤਾ ਪ੍ਰਗਟ ਹੁੰਦੀ ਹੈ। ਉਨ੍ਹਾਂ ਲਈ ਲਿਖਣਾ ਜੀਵਨ ਦੀਆਂ

ਸਧਾਰਨ ਦਿਖਾਈ ਦੇਣ ਵਾਲੀਆਂ ਘਟਨਾਵਾਂ ਵਿਚ ਲੁਕੇ ਮਨੁੱਖੀ ਸੱਚ ਨੂੰ ਪਛਾਣਨ ਦਾ ਯਤਨ ਹੈ।

ਲਖਵਿੰਦਰ ਜੌਹਲ ਦੇ ਲੇਖ ਵਿਚ ਕਵਿਤਾ ਨਿੱਜੀ ਬੇਚੈਨੀ ਨੂੰ ਸ਼ਬਦ ਦੇਣ ਦਾ ਸਾਧਨ ਹੈ। ਉਹ ਆਪਣੀ ਕਵਿਤਾ ਨੂੰ ਕਿਸੇ ਮਿੱਥ ਜਾਂ ਵਾਦ ਦੀ ਵਿਰੋਧਤਾ ਲਈ ਲਿਖੀ ਹੋਈ ਰਚਨਾ ਨਹੀਂ ਮੰਨਦੇ, ਸਗੋਂ ਆਪਣੇ ਅੰਦਰਲੇ ਸੱਚ ਅਤੇ ਬੇਚੈਨੀ ਦੀ ਅਭਿਵਿਅਕਤੀ ਵਜੋਂ ਦੇਖਦੇ ਹਨ। ਇਹ ਦ੍ਰਿਸ਼ਟੀ ਸਾਹਿਤਕ ਸੁਤੰਤਰਤਾ ਨੂੰ ਮਹੱਤਵ ਦਿੰਦੀ ਹੈ ਅਤੇ ਇਹ ਵੀ ਦੱਸਦੀ ਹੈ ਕਿ ਸੱਚੀ ਰਚਨਾ ਪਹਿਲਾਂ ਲੇਖਕ ਦੇ ਅੰਦਰਲੇ ਅਨੁਭਵ ਵਿੱਚੋਂ ਜਨਮ ਲੈਂਦੀ ਹੈ।

ਲਾਜ ਨੀਲਮ ਸੈਣੀ ਦਾ ਮੰਨਣਾ ਹੈ ਕਿ ਲਿਖਣਾ ਆਪਣੇ ਆਪ ਨਾਲ ਸੰਵਾਦ ਕਰਨ ਅਤੇ ਆਪਣੇ ਅੰਦਰ ਦੀਆਂ ਭਾਵਨਾਵਾਂ ਨੂੰ ਸਮਝਣ ਦੀ ਪ੍ਰਕਿਰਿਆ ਹੈ। ਉਨ੍ਹਾਂ ਦੇ ਅਨੁਭਵ ਵਿਚ ਸ਼ਬਦ ਕਈ ਵਾਰ ਆਪਣੇ ਆਪ ਤੋਂ ਮੁਕਤੀ ਦਾ ਸਾਧਨ ਬਣਦੇ ਹਨ ਅਤੇ ਕਈ ਵਾਰ ਮਨੁੱਖ ਨੂੰ ਉਸ ਦੀ ਅੰਦਰੂਨੀ ਪਛਾਣ ਨਾਲ ਮਿਲਾਉਂਦੇ ਹਨ। ਉਨ੍ਹਾਂ ਦੀ ਰਚਨਾਤਮਕ ਯਾਤਰਾ ਵਿੱਚ ਇੱਕ ਸੁੰਦਰ ਅਤੇ ਮਨੁੱਖੀ ਸੰਸਾਰ ਦੀ ਇੱਛਾ ਵੀ ਮੌਜੂਦ ਹੈ।

ਡਾ.ਦਵਿੰਦਰ ਪਾਲ ਸਿੰਘ ਅਨੁਸਾਰ 'ਵਿਗਿਆਨਕ ਸਾਖਰਤਾ ਸਿਰਫ ਇਕ ਵਿੱਦਿਅਕ ਯੋਗਤਾ ਨਹੀਂ ਬਲਕਿ ਲੋਕਤਾਂਤ੍ਰਿਕ ਪ੍ਰਣਾਲੀ ਵਿਚ ਜੀਵਨ ਬਤੀਤ ਕਰ ਰਹੇ ਲੋਕਾਂ ਲਈ ਅਤਿ-ਲੋੜੀਂਦਾ ਗੁਣ ਹੈ।' ਗੁਰਪ੍ਰੀਤ ਕੌਰ ਗੈਦੂ ਨੇ ਆਪਣੇ ਸੰਖੇਪ ਲੇਖ ਵਿਚ ਛੇ ਨੁਕਤਿਆਂ ਦਾ ਜ਼ਿਕਰ ਕੀਤਾ ਹੈ।

ਸ਼ਿਆਮ ਸੁੰਦਰ ਦੀਪਤੀ ਦਾ ਲੇਖ ਇੱਕ ਵਿਸ਼ੇਸ਼ ਦਾਰਸ਼ਨਿਕ ਅਤੇ ਮਨੁੱਖ-ਕੇਂਦਰਿਤ ਦ੍ਰਿਸ਼ਟੀ ਪੇਸ਼ ਕਰਦਾ ਹੈ। ਉਨ੍ਹਾਂ ਲਈ ਲਿਖਣਾ ਆਪਣੇ ਵਿਅਕਤੀਤਵ ਅਤੇ ਅੰਦਰਲੇ ਸੰਸਾਰ ਨੂੰ ਸਮਾਜ ਨਾਲ ਸਾਂਝਾ ਕਰਨ ਦੀ ਲੋੜ ਹੈ। ਉਹ ਆਪਣੇ ਪਾਠਕਾਂ ਨੂੰ ਆਪਣੇ ਸਮਾਜ ਦਾ ਹਿੱਸਾ ਮੰਨਦੇ ਹਨ ਅਤੇ ਆਪਣੇ ਅੰਦਰਲੇ ਵਿਚਾਰਾਂ, ਸੁਪਨਿਆਂ ਅਤੇ ਇਰਾਦਿਆਂ ਨੂੰ ਪਾਠਕਾਂ ਤੱਕ ਪਹੁੰਚਾਉਣਾ ਚਾਹੁੰਦੇ ਹਨ। ਉਨ੍ਹਾਂ ਦੀ ਦ੍ਰਿਸ਼ਟੀ ਵਿੱਚ ਲਿਖਣਾ ਆਪਣੇ ਆਪ ਦੀ ਵਿਆਖਿਆ ਕਰਨ ਅਤੇ ਆਪਣੀ ਹੋਂਦ ਨੂੰ ਵਿਸਤਾਰ ਦੇਣ ਦਾ ਯਤਨ ਹੈ।

ਬਹੁਤੇ ਲੇਖਕਾਂ ਨੇ 'ਕਿਉਂ ਲਿਖਦਾ ਹਾਂ' ਦੇ ਨਾਲ-ਨਾਲ ਕਿਵੇਂ ਲਿਖਦਾ ਹਾਂ ਅਤੇ ਆਪਣੇ ਸਾਹਿਤਕ ਸਫਰ ਦਾ ਜ਼ਿਕਰ ਵੀ ਕੀਤਾ ਹੈ। ਅਸਲ ਵਿਚ ਇਹ ਤਿੰਨੋ ਵਿਸ਼ੇ ਅੱਲਗ-ਅੱਲਗ ਹੁੰਦੇ ਹੋਏ ਵੀ ਇਕ-ਦੂਜੇ ਨਾਲ ਜੁੜੇ ਹੋਏ ਹਨ। ਕੁਝ ਲੇਖਾਂ ਵਿਚ ਕਵਿਤਾਵਾਂ ਦੀਆਂ ਲੰਬੀਆਂ ਟੂਕਾਂ ਲੇਖ ਨੂੰ ਬੋਝਲ ਬਣਾਉਂਦੀਆਂ ਹਨ, ਜਿੰਨਾਂ ਤੋਂ ਬਚਨਾ ਚਾਹੀਦਾ ਸੀ। ਕੁਝ

ਲੇਖਾਂ ਦੇ ਸਿਰਲੇਖ ਦਿਲ ਟੁੰਬਵੇਂ ਹਨ; ਕਵਿਤਾ ਮੇਰੇ ਲਈ ਜ਼ਹਿਰ ਨੂੰ ਊਰਜਾ ਵਿਚ ਬੰਨਣ ਦਾ ਹੁਨਰ ਹੈ (ਅਮਰਜੀਤ ਕੌਂਕੇ), ਮੇਰਾ ਲਿਖਣਾ: ਸ਼ੌਕ ਤੋਂ ਜਨੂੰਨ ਤੱਕ (ਸੁਖਮਿੰਦਰ ਸੇਖੋਂ), ਅੱਖਾਂ ਲੜੀਆਂ ਪਤਾ ਨਾ ਕੋਈ ਸੁਰਮਾ ਪਿਘਲ ਗਿਆ (ਡਾ.ਹਰਨੇਕ ਸਿੰਘ ਕਲੇਰ), ਲਿਖ ਸਕਦਾ ਹਾਂ, ਇਸ ਲਈ ਲਿਖਦਾ ਹਾਂ (ਪ੍ਰੇਮ ਸਾਹਿਲ), ਲਿਖਣਾ ਮੇਰੇ ਲਈ ਸਾਹ ਵੈਣ ਵਾਂਗ ਹੈ ( ਡਾ.ਗੁਰਮਿੰਦਰ ਸਿੱਧੂ)ਆਦਿ

ਇਨ੍ਹਾਂ ਸਾਰੇ ਲੇਖਾਂ ਨੂੰ ਇਕੱਠੇ ਪੜ੍ਹਨ ਨਾਲ ਇਹ ਸਪੱਸ਼ਟ ਹੁੰਦਾ ਹੈ ਕਿ ਲਿਖਣ ਦੇ ਕਾਰਨ ਭਾਵੇਂ ਵੱਖਰੇ ਹਨ, ਪਰ ਉਨ੍ਹਾਂ ਦੇ ਅੰਦਰ ਕੁਝ ਸਾਂਝੇ ਤੱਤ ਵੀ ਮੌਜੂਦ ਹਨ। ਲਗਭਗ ਹਰ ਲੇਖਕ ਲਿਖਣ ਨੂੰ ਆਪਣੇ ਜੀਵਨ ਨਾਲ ਅਟੁੱਟ ਰੂਪ ਵਿੱਚ ਜੁੜਿਆ ਹੋਇਆ ਮੰਨਦਾ ਹੈ। ਕਈਆਂ ਲਈ ਇਹ ਅੰਦਰਲੀ ਮਜਬੂਰੀ ਹੈ, ਕਈਆਂ ਲਈ ਮਨ ਦੀ ਸ਼ਾਂਤੀ, ਕਈਆਂ ਲਈ ਸਮਾਜਿਕ ਜ਼ਿੰਮੇਵਾਰੀ ਅਤੇ ਕਈਆਂ ਲਈ ਮਨੁੱਖੀ ਪੀੜ ਦੇ ਵਿਰੁੱਧ ਪ੍ਰਤੀਰੋਧ। ਇਸ ਪੁਸਤਕ ਦੀ ਵੱਡੀ ਪ੍ਰਾਪਤੀ ਇਹ ਹੈ ਕਿ ਇਹ ਲਿਖਣ ਨੂੰ ਕੇਵਲ ਸਾਹਿਤਕ ਕਿਰਿਆ ਵਜੋਂ ਨਹੀਂ, ਸਗੋਂ ਜੀਵਨ-ਜਾਚ, ਸੱਭਿਆਚਾਰਕ ਜ਼ਿੰਮੇਵਾਰੀ ਅਤੇ ਮਨੁੱਖੀ ਸੰਵਾਦ ਦੇ ਰੂਪ ਵਿੱਚ ਪੇਸ਼ ਕਰਦੀ ਹੈ। ਕਈ ਲੇਖਕਾਂ ਨੇ ਸਕੂਲੀ ਜੀਵਨ ਵਿਚ ਬਾਲ ਸਭਾਵਾਂ ਦੇ ਵਿਸ਼ੇਸ਼ ਯੋਗਦਾਨ ਦੀ ਗੱਲ ਕੀਤੀ ਹੈ।

ਮੈਂ ਕਿਉਂ ਲਿਖਦਾ ਹਾਂ ਦੀ ਮਹੱਤਤਾ ਕੇਵਲ ਇਸ ਗੱਲ ਵਿਚ ਨਹੀਂ ਕਿ ਇਸ ਵਿਚ ਵੱਡੀ ਗਿਣਤੀ ਵਿਚ ਲੇਖਕਾਂ ਨੇ ਆਪਣੇ ਲਿਖਣ ਦੇ ਕਾਰਨਾਂ ਬਾਰੇ ਵਿਚਾਰ ਪ੍ਰਗਟ ਕੀਤੇ ਹਨ। ਇਸ ਦੀ ਅਸਲ ਮਹੱਤਤਾ ਇਹ ਹੈ ਕਿ ਇਹ ਪੁਸਤਕ ਪੰਜਾਬੀ ਲੇਖਕਾਂ ਦੀ ਸਿਰਜਣਾਤਮਕ ਸਵੈ-ਚੇਤਨਾ ਦਾ ਇੱਕ ਦਸਤਾਵੇਜ਼ ਬਣ ਜਾਂਦੀ ਹੈ। ਆਮ ਤੌਰ ’ਤੇ ਕਿਸੇ ਲੇਖਕ ਦੀ ਰਚਨਾ ਦਾ ਮੁਲਾਂਕਣ ਆਲੋਚਕ ਕਰਦਾ ਹੈ; ਪਰ ਪ੍ਰਸਤੁਤ ਪੁਸਤਕ ਵਿਚ ਲੇਖਕ ਖ਼ੁਦ ਆਪਣੇ ਰਚਨਾਤਮਕ ਸਰੋਤਾਂ, ਪ੍ਰੇਰਨਾਵਾਂ, ਸੰਘਰਸ਼ਾਂ ਅਤੇ ਉਦੇਸ਼ਾਂ ਬਾਰੇ ਗੱਲ ਕਰਦੇ ਹਨ। ਇਸ ਲਈ ਇਹ ਪੁਸਤਕ ਪੰਜਾਬੀ ਸਾਹਿਤ ਦੇ ਵਿਦਿਆਰਥੀਆਂ ਅਤੇ ਖੋਜਕਾਰਾਂ ਲਈ ਵੀ ਮਹੱਤਵਪੂਰਨ ਸਰੋਤ ਬਣ ਸਕਦੀ ਹੈ।

ਇਸ ਸੰਕਲਨ ਨੂੰ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਇੱਕ ਸਹਾਇਕ ਅਤੇ ਸੰਦਰਭ-ਗ੍ਰੰਥ ਵਜੋਂ ਦੇਖਿਆ ਜਾ ਸਕਦਾ ਹੈ। ਇਸ ਵਿਚ ਮੌਜੂਦ ਲੇਖਾਂ ਦੇ ਆਧਾਰ ’ਤੇ ਪੰਜਾਬੀ ਲੇਖਕ ਦੀ ਸਮਾਜਿਕ ਚੇਤਨਾ, ਵਿਚਾਰਧਾਰਕ ਪ੍ਰਤੀਬੱਧਤਾ, ਭਾਸ਼ਾਈ ਸਰੋਕਾਰ, ਪਰਵਾਸੀ ਅਨੁਭਵ,

ਨਿੱਜੀ ਸੰਵੇਦਨਾ ਅਤੇ ਰਚਨਾਤਮਕ ਪ੍ਰਕਿਰਿਆ ਬਾਰੇ ਵੱਖ-ਵੱਖ ਪੱਧਰਾਂ ਉੱਤੇ ਅਧਿਐਨ ਕੀਤਾ ਜਾ ਸਕਦਾ ਹੈ। ਇਹ ਪੁਸਤਕ ਪੰਜਾਬੀ ਸਾਹਿਤ ਦੇ ਇੱਕ ਅਜਿਹੇ ਪੱਖ ਨੂੰ ਸਾਹਮਣੇ ਲਿਆਉਂਦੀ ਹੈ ਜਿਸ ਉੱਤੇ ਵਿਸਤ੍ਰਿਤ ਆਲੋਚਨਾਤਮਕ ਕੰਮ ਦੀ ਲੋੜ ਹੈ।

ਇਸੇ ਲਈ ਇਸ ਪੁਸਤਕ ਉੱਤੇ ਕਿਸੇ ਵਿਦਵਾਨ ਵੱਲੋਂ ਇੱਕ ਵਿਸਤ੍ਰਿਤ ਖੋਜ-ਪਰਚਾ ਜਾਂ ਆਲੋਚਨਾਤਮਕ ਅਧਿਐਨ ਲਿਖਿਆ ਜਾਣਾ ਚਾਹੀਦਾ ਹੈ। ਅਜਿਹੇ ਅਧਿਐਨ ਵਿੱਚ ਇਹ ਵੇਖਿਆ ਜਾ ਸਕਦਾ ਹੈ ਕਿ ਵੱਖ-ਵੱਖ ਪੀੜ੍ਹੀਆਂ ਦੇ ਪੰਜਾਬੀ ਲੇਖਕ ਲਿਖਣ ਨੂੰ ਕਿਵੇਂ ਪਰਿਭਾਸ਼ਿਤ ਕਰਦੇ ਹਨ; ਉਨ੍ਹਾਂ ਦੇ ਲਿਖਣ ਵਿੱਚ ਨਿੱਜੀ ਅਨੁਭਵ ਅਤੇ ਸਮਾਜਿਕ ਸਰੋਕਾਰਾਂ ਦਾ ਅਨੁਪਾਤ ਕੀ ਹੈ; ਭਾਰਤ ਅਤੇ ਪਰਵਾਸ ਵਿੱਚ ਰਹਿੰਦੇ ਲੇਖਕਾਂ ਦੀ ਰਚਨਾਤਮਕ ਚੇਤਨਾ ਵਿਚ ਕਿਹੜੀਆਂ ਸਮਾਨਤਾਵਾਂ ਅਤੇ ਅੰਤਰ ਹਨ ਅਤੇ ਸਮੇਂ ਦੇ ਬਦਲਣ ਨਾਲ ਲੇਖਕ ਦੇ ਉਦੇਸ਼ਾਂ ਵਿਚ ਕਿਹੜੀਆਂ ਤਬਦੀਲੀਆਂ ਆਈਆਂ ਹਨ। ਇਸ ਸੰਕਲਨ ਵਿਚ ਇੰਨੀ ਸਮੱਗਰੀ ਮੌਜੂਦ ਹੈ ਕਿ ਇਸ ਨੂੰ ਕੇਵਲ ਇੱਕ ਸੰਪਾਦਿਤ ਪੁਸਤਕ ਦੇ ਰੂਪ ਵਿਚ ਪੜ੍ਹ ਕੇ ਅੱਗੇ ਵਧ ਜਾਣਾ ਇਸ ਦੀਆਂ ਸੰਭਾਵਨਾਵਾਂ ਨੂੰ ਸੀਮਿਤ ਕਰ ਦੇਵੇਗਾ।

ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ "ਮੈਂ ਕਿਉਂ ਲਿਖਦਾ" ਹਾਂ ਪੰਜਾਬੀ ਸਾਹਿਤ ਵਿੱਚ ਲੇਖਕ ਦੀ ਰਚਨਾਤਮਕ ਪਛਾਣ ਨੂੰ ਸਮਝਣ ਲਈ ਇੱਕ ਮਹੱਤਵਪੂਰਨ ਅਤੇ ਵਿਲੱਖਣ ਯਤਨ ਹੈ। ਇਹ ਪੁਸਤਕ ਸਾਨੂੰ ਦੱਸਦੀ ਹੈ ਕਿ ਲਿਖਣਾ ਕਿਸੇ ਇੱਕ ਕਾਰਨ ਦਾ ਨਤੀਜਾ ਨਹੀਂ ਹੁੰਦਾ। ਇਸ ਦੇ ਪਿੱਛੇ ਯਾਦਾਂ ਵੀ ਹੁੰਦੀਆਂ ਹਨ, ਪੀੜ ਵੀ, ਸੁਪਨੇ ਵੀ, ਸਮਾਜਿਕ ਬੇਚੈਨੀ ਵੀ, ਭਾਸ਼ਾ ਨਾਲ ਪਿਆਰ ਵੀ ਅਤੇ ਮਨੁੱਖੀ ਭਵਿੱਖ ਲਈ ਚਿੰਤਾ ਵੀ। ਇਸ ਦੇ ਲੇਖਕ ਆਪਣੇ-ਆਪਣੇ ਢੰਗ ਨਾਲ ਇਹੀ ਸੱਚ ਪ੍ਰਗਟ ਕਰਦੇ ਹਨ ਕਿ ਲਿਖਣਾ ਉਨ੍ਹਾਂ ਲਈ ਜੀਵਨ ਤੋਂ ਵੱਖ ਕੋਈ ਕਿਰਿਆ ਨਹੀਂ; ਇਹ ਜੀਵਨ ਨੂੰ ਸਮਝਣ, ਉਸ ਦੀ ਵਿਆਖਿਆ ਕਰਨ ਅਤੇ ਉਸ ਨੂੰ ਹੋਰ ਮਨੁੱਖੀ ਬਣਾਉਣ ਦਾ ਯਤਨ ਹੈ।

ਇਸ ਦ੍ਰਿਸ਼ਟੀ ਤੋਂ ਇਹ ਪੁਸਤਕ ਕੇਵਲ "ਮੈਂ ਕਿਉਂ ਲਿਖਦਾ ਹਾਂ" ਦਾ ਜਵਾਬ ਨਹੀਂ ਦਿੰਦੀ, ਸਗੋਂ ਇਹ ਸਵਾਲ ਵੀ ਪਾਠਕ ਦੇ ਸਾਹਮਣੇ ਰੱਖਦੀ ਹੈ ਕਿ ਸਾਹਿਤਕਾਰ ਆਪਣੇ ਸਮੇਂ, ਸਮਾਜ ਅਤੇ ਮਨੁੱਖਤਾ ਪ੍ਰਤੀ ਕਿੰਨਾ ਜਵਾਬ ਦੇਹ ਹੈ। ਇਹੀ ਇਸ ਪੁਸਤਕ ਦੀ ਸਭ ਤੋਂ ਵੱਡੀ ਤਾਕਤ ਅਤੇ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਇਸ ਦੀ ਸਥਾਈ ਮਹੱਤਤਾ ਹੈ। ਜੇ ਇਸ

ਪੁਸਤਕ ਦਾ ਸੰਪਾਦਕ ਜ਼ਿਆਦਾ ਲੇਖ ਸ਼ਾਮਿਲ ਕਰਨ ਦਾ ਮੋਹ ਤਿਆਗ ਕੇ ਕੁਝ ਲੇਖਾਂ ਨੂੰ ਪੁਸਤਕ ਦਾ ਹਿੱਸਾ ਨਾ ਬਣਾਉਂਦਾ ਤਾਂ ਨਿਸ਼ਚੇ ਹੀ ਇਸ ਕਿਤਾਬ ਦਾ ਸਾਹਿਤਕ ਮੁੱਲ ਹੋਰ ਵਧ ਜਾਂਦਾ।

432 ਪੰਨਿਆਂ ਦੀ ਇਸ ਪੁਸਤਕ ਦਾ ਮੁੱਲ ਸਿਰਫ 200 ਰੁਪਏ ਇਹ ਦਰਸਾਉਂਦਾ ਹੈ ਕਿ ਇਸ ਪੁਸਤਕ ਦਾ ਸੰਪਾਦਕ ਸੁਖਿੰਦਰ ਇਹ ਚਾਹੁੰਦਾ ਹੈ ਕਿ ਪੁਸਤਕ ਪੰਜਾਬੀ ਸਾਹਿਤ ਨਾਲ ਮੋਹ ਕਰਨ ਵਾਲਾ ਹਰ ਪਾਠਕ ਇਹ ਪੁਸਤਕ ਖਰੀਦ ਸਕੇ।

# ਨਵੀਆਂ ਪੁਸਤਕਾਂ


ਖੇਤੀ ਸੰਕਟ
ਪਰਾਲੀ, ਪਾਣੀ ਅਤੇ ਫ਼ਸਲੀ ਵੰਨ-ਸੁਵੰਨਤਾ ਦੇ ਪ੍ਰਸੰਗ ਵਿੱਚ
ਸੰਪਾਦਕ
ਸਟਾਲਿਨਜੀਤ ਸਿੰਘ (ਡਾ.)
ਪੀਪਲਜ਼ ਫੋਰਮ
₹ 300/-


ਦਮਨ
ਤਾੜੀਆਂ ਬਿਨਾ
ਜਿੱਤੀ ਜ਼ਿੰਦਗੀ
ਹਰ ਉਸ ਔਰਤ ਨੂੰ, ਜਿਸ ਨੇ ਆਪਣੇ ਸੁਪਨੇ ਚੁੱਪਚਾਪ ਸੰਭਾਲੇ, ਹਰ ਉਸ ਧੀ ਨੂੰ, ਜੋ ਮੁਸ਼ਕਲਾਂ ਸਾਹਮਣੇ ਖੜ੍ਹੀ ਰਹੀ ਤੇ ਹਰ ਉਸ ਆਤਮਾ ਨੂੰ, ਜਿਸ ਨੇ ਬਿਨਾਂ ਤਾੜੀਆਂ ਦੇ ਜਿਊਣਾ ਸਿੱਖ ਲਿਆ
Barkat
PUBLICATION